**International Journal of Advanced Educational Research**
**ISSN: 2455-6157, Impact Factor: RJIF 5.22**
**www.newresearchjournal.com/educational**
**Volume 1; Issue 2; March 2016; Page No. 31-32**

# 'ਸੂਖਮ ਭਾਵਾਂ ਦੀ ਕਵਿਤਾ:– 'ਸਾਗਰ, ਧਰਤੀ, ਹਵਾ ਤੇ ਮੈਂ' (ਜਸਜੀਤ ਭੱਟੀ)

**Dr. Rachhpal Singh Uppal**
Guru Nanak Khalsa College, Abohar, Punjab, India.

## Introduction

ਵਰਤਮਾਨ ਦੌਰ ਵਿੱਚ ਅਨੇਕਾਂ ਹੀ ਨਵੇਂ ਕਵੀ ਕਾਵਿ ਸਿਰਜਣਾ ਦੇ ਆਹਰ ਵਿੱਚ ਲੱਗੇ ਹੋਏ ਹਨ। ਇੰਨ੍ਹਾਂ ਕਵੀਆਂ ਨੇ ਜਿਥੇ ਆਪਣੀ ਕਾਵਿ ਸਿਰਜਣਾ ਰਾਹੀਂ ਤਤਕਾਲੀ ਸਥਿਤੀਆ ਵਿੱਚ ਵਿਚਰਦੇ ਮਾਨਵ ਦੀ ਦੁਵਿਧਾਗ੍ਰਸਤ ਮਾਨਸਿਕਤਾ ਨੂੰ ਪਕੜਨ ਦੀ ਕੋਸ਼ਿਸ਼ ਕੀਤੀ ਹੈ ਉਥੇ ਬਦਲਵੇਂ ਯਥਾਰਥ ਅਨੁਸਾਰ ਇਨ੍ਹਾਂ ਕਵੀਆਂ ਨੇ ਪੰਜਾਬੀ ਕਵਿਤਾ ਨੂੰ ਵੀ ਨਿਵੇਕਲਾ ਮੁਹਾਂਦਰਾ ਪ੍ਰਦਾਨ ਕੀਤਾ ਹੈ। ਇਸ ਤਰ੍ਹਾਂ ਦੀ ਕਵਿਤਾ ਵਿੱਚ ਭਾਵੇਂ ਅਕਵਿਤਾ ਦਾ ਵੀ ਦਖਲ ਹੈ ਪ੍ਰੰਤੂ ਪੰਜਾਬੀ ਕਵਿਤਾ ਨੇ ਆਪਣੇ ਮੀਰੀ ਗੁਣਾਂ ਕਾਰਨ ਆਪਣੀ ਜ਼ਰਖੇਜ ਤੇ ਨਿਰੰਤਰ ਪਕੜ ਬਣਾਈ ਹੋਈ ਹੈ। 'ਸਾਗਰ, ਧਰਤੀ, ਹਵਾ ਤੇ ਮੈਂ' ਅਜਿਹੇ ਹੀ ਇੱਕ ਨਵੇਂ ਕਵੀ ਜਸਜੀਤ ਭੱਟੀ ਦੀ ਪਲੇਠੀ ਕਾਵਿ–ਕ੍ਰਿਤ ਹੈ। ਇਸ ਵਿਚ ਕਵੀ ਨੇ ਸਮਾਜਿਕ ਆਦਰਸ਼ਾਂ ਦੇ ਪਤਨ, ਮਾਨਵੀ ਸ਼ੋਸ਼ਣ ਦਾ ਸੂਖਮ ਹੋ ਜਾਣਾ, ਗਰੀਬੀ, ਨਿਆਂ ਅਤੇ ਲੋਕਤਾਂਤ੍ਰਿਕ ਕੀਮਤਾਂ ਦੇ ਚੀਰ ਹਰਨ ਨੂੰ ਬੜੀ ਸੂਖਮਤਾ ਨਾਲ ਬਿਆਨਿਆ ਹੈ। ਜਸਜੀਤ ਦੀ ਕਵਿਤਾ ਵਧੇਰੇ ਕਰਕੇ ਪ੍ਰਾਕ੍ਰਿਤਕ ਬਿੰਬਾਂ ਅਤੇ ਪ੍ਰਤੀਕਾਂ ਵਿਚੋਂ ਆਪਣੀ ਕਾਵਿਕ ਅਭਿਵਿਅਕਤੀ ਤਲਾਸ਼ਦੀ ਹੈ। ਹਨੇਰ, ਹਵਾ, ਸੂਰਜ, ਚਾਨਣ ਅਤੇ ਦੀਵਾ ਉਸ ਦੇ ਅਜਿਹੇ ਪ੍ਰਤੀਕ ਹਨ ਜਿਨ੍ਹਾਂ ਨੂੰ ਉਸਨੇ ਪੰਜਾਬੀ ਕਵਿਤਾ ਦੇ ਅਮੀਰ ਵਿਰਸੇ ਵਿਚੋਂ ਗ੍ਰਹਿਣ ਵੀ ਕੀਤਾ ਹੈ ਅਤੇ ਵਰਤਮਾਨ ਸਥਿਤੀਆਂ ਅਨੁਸਾਰ ਇਨ੍ਹਾਂ ਦੇ ਨਵੇਂ ਅਰਥਗਤ ਸੰਦਰਭਾਂ ਨੂੰ ਵੀ ਤਲਾਸ਼ਿਆ ਹੈ। ਵਰਤਮਾਨ ਯੁੱਗ ਵਿੱਚ ਮਾਨਵ ਵਿਰੋਧੀ ਸ਼ਕਤੀ ਦੀ ਨਿਰੰਤਰ ਪਕੜ ਅਤੇ ਸਿਹਤਮੰਦ ਕੀਮਤਾਂ ਦੇ ਨਿੰਰਤਰ ਵਿਘਟਨ ਦੀ ਚਿੰਤਾ ਜਸਜੀਤ ਦੀ ਕਵਿਤਾ ਦੇ ਆਰ–ਪਾਰ ਫੈਲੀ ਹੋਈ ਹੈ:–

> ਹਨੇਰ ਦੀ ਚਾਦਰ ਨੇ
> ਆਪਣੇ ਕਲਾਵੇ ਵਿਚ ਲੈ ਲਈ ਹੈ।
> ਸਾਰੀ ਦੀ ਸਾਰੀ ਲੋਅ                    ਪੰਨਾ 19

ਉਪਭੋਗਤਵਾਦੀ/ਮੰਡੀ ਕਲਚਰ ਨੇ ਮਾਨਵੀ ਚੇਤਨਾ ਅਤੇ ਮੁੱਲਾਂ ਅੰਦਰ ਬੇਕਰਾਰੀ ਅਤੇ ਖੁਦਗਰਜ਼ੀ ਦਾ ਪਾਸਾਰ ਕਰਕੇ ਮਾਨਵ ਦੇ ਵਿਸਤ੍ਰਿਤ ਵਿਅਕਤੀਤਵ ਨੂੰ ਉਸ ਦੀਆ ਗਰਜ਼ਾਂ/ਲੋੜਾਂ ਤੱਕ ਘਟਾ ਦਿੱਤਾ ਹੈ। ਅਜਿਹੀ ਸਥਿਤੀ ਵਿਚ ਪ੍ਰੋਖ ਰੂਪ ਵਿਚ ਮਾਨਵ ਵਿਰੋਧੀ ਤੱਤਾਂ/ਸ਼ਕਤੀਆਂ ਦਾ ਗਲਬਾ ਦਿਨ–ਪ੍ਰਤੀ ਦਿਨ ਵਧ ਰਿਹਾ ਹੈ। ਸਮਾਜਿਕ/ ਸੰਸਕ੍ਰਿਤਕ ਕੀਮਤਾਂ/ਪ੍ਰਤਿਮਾਨਾਂ ਦਾ ਵਿਘਟਨ ਨਿਰੰਤਰ ਜਾਰੀ ਹੈ। ਸਥਿਤੀ ਦਾ ਵਿਅੰਗ ਇਹ ਹੈ ਕਿ ਸਾਡੇ ਸਮਾਜ ਦੇ ਰਾਹ ਦਸੇਰਾ/ਚਾਨਣ ਮੁਨਾਰੇ ਬੁੱਧਜੀਵੀ ਲੋਕਵੀ ਇਸ ਵਿਸਤਾਰੇ ਨੂੰ ਸੱਚ ਵਜੋਂ ਸਵੀਕਾਰ ਕਰ ਰਹੇ ਹਨ। ਜਸਜੀਤ ਦੀ ਕਵਿਤਾ ਵਿਚ ਇਸ ਤਰ੍ਹਾਂ ਦੇ ਰੁਝਾਨ ਬਾਰੇ ਤਰਸ ਵੀ ਹੈ, ਹੈਰਾਨੀ ਵੀ ਹੈ ਅਤੇ ਪਰੇਸ਼ਾਨੀ ਵੀ ਹੈ।ਉਹ ਆਪਣੇ ਕਾਵਿ–ਵਿਅੰਗ ਰਾਹੀਂ ਇਨ੍ਹਾਂ ਲੋਕਾਂ ਦੀ ਮਾਨਸਿਕ ਕੰਗਾਲੀ ਨੂੰ ਝੰਜੋੜਨ ਦੀ ਕੋਸ਼ਿਸ਼ ਕਰਦਾ ਹੈ:–

> ਤੁਸੀਂ ਸੋਚ ਵੀ ਨਹੀਂ ਸਕਦੇ ਜਨਾਬ
> ਨਿੱਕੀਆਂ ਕਲਮਾਂ
> ਕੀ ਬਣ ਸਕਦੀਆਂ ਨੇ                    ਪੰਨਾ 23

ਇਹ ਅਜਿਹਾ ਦੌਰ ਹੈ ਜਦੋਂ ਮਾਨਵੀ ਰਿਸ਼ਤੇ ਆਪਣੇ ਤਲਿਸਮੀ ਨਿੱਘ ਤੋਂ ਟੁੱਟ ਰਹੇ ਹਨ। ਸਮਕਾਲੀ ਕਵਿਤਾ ਵਿਚ ਭੂਮੰਡਲੀਕਰਨ ਦੇ ਪਾਸਾਰ ਅਤੇ ਇਸਦੇ ਸਮਾਜਿਕ–ਸੱਭਿਆਚਾਰਕ ਪ੍ਰਭਾਵ, ਕੁ ਪ੍ਰਭਾਵ ਕੇਂਦਰ ਵਿਚ ਰਹੇ ਹਨ, "ਅੱਤ ਦੇ ਉਪਭੋਗਤਾਵਾਦ ਨੇ ਸਾਂਸਕ੍ਰਿਤਕ ਰਿਸ਼ਤਿਆਂ ਦੀ ਵਿਆਕਰਣ 'ਤੇ ਅਜਿਹਾ ਅਸਰ ਕੀਤਾ ਹੈ ਉਸ ਬਾਰੇ ਨਵੀਂ ਕਵਿਤਾ ਵਿਚ ਦੋ ਤਰ੍ਹਾਂ ਦੇ ਰੁਝਾਨ ਦੇਖੇ ਜਾ ਸਕਦੇ ਹਨ। ਇਕ ਰੁਝਾਨ ਤਾਂ ਸਾਂਸਕ੍ਰਿਤਕ ਰਿਸ਼ਤਿਆਂ ਦੀ ਵਿਆਕਰਣ ਨੂੰ ਨਾਕਾਰ ਕੇ ਉਸ ਉਪਭੋਗੀ ਸੰਸਕ੍ਰਿਤੀ ਨੂੰ ਸਵੀਕ੍ਰਿਤੀ ਦਿੰਦਾ ਹੈ ਜਿਹੜੀ ਔਰਤ ਦੇਹ ਨੂੰ ਵਸਤੂ ਵਿਚ ਰੂਪਾਂਤਰਿਤ ਕਰ ਦਿੰਦੀ ਹੈ। ਦੂਜਾ ਰੁਝਾਨ ਇਸ ਬਣ ਰਹੀ ਵਾਸਤਵਿਕਤਾ ਨੂੰ ਵਿਅੰਗ ਅਤੇ ਵਿਡੰਬਨਾ ਰਾਹੀਂ ਵਿਸਥਾਰਿਤ ਕਰਨ ਦਾ ਹੈ।"1

ਰਿਸ਼ਤਿਆਂ ਅੰਦਰਲਾ ਇਹ ਨਿੱਘ ਵਪਾਰਕ ਗਰਜਾਂ ਵਿਚ ਤਬਦੀਲ ਹੋ ਰਿਹਾ ਹੈ। ਪਦਾਰਥਵਾਦੀ ਰੁਚੀਆਂ/ਰੁਝਾਣਾ ਨੇ ਇਨ੍ਹਾਂ ਰਿਸ਼ਤਿਆਂ ਨੂੰ ਇਸ਼ਤਿਹਾਰਾਂ ਤੱਕ ਸੀਮਤ ਕਰ ਦਿੱਤਾ ਹੈ। ਮੰਡੀਕਰਨ ਦਾ ਸਿਰਜਿਆ ਹੋਇਆ ਮਾਨਵ, ਮਾਨਵੀ ਸੰਵੇਦਨਾਵਾਂ ਤੋਂ ਵਿਹੂਣਾ ਹੁੰਦਾ ਜਾ ਰਿਹਾ ਹੈ। ਅਜਿਹੇ ਖਲਾਅ ਵਿਚ ਭਟਕਦਾ ਹੋਇਆ ਇਹ ਮਾਨਵ ਜ਼ਿੰਦਗੀ ਦੇ ਸੁਹਜ ਨੂੰ ਬਜ਼ਾਰੀ ਮਾਪਦੰਡਾਂ ਵਿੱਚੋਂ ਲੋੜਦਾ ਹੈ:–

> ਇਹ ਮੋਮ ਦੇ ਰਿਸ਼ਤਿਆ ਦੀ ਮਹਾਂਨਗਰੀ ਹੈ
> ਮੈਂ ਕੈਦੀ ਹਾਂ
> ਮਹਿਮਾਨ ਨਹੀਂ
> ਇਥੇ ਸੂਰਜ ਤਾਂ ਕੀ
> ਦੀਵਾ ਵੀ ਗੁਨਾਹਗਾਰ ਹੈ।
> ਤੇ ਮੈਂ ਕੈਦੀ ਹਾਂ
> ਇਸ ਮੋਮ ਦੇ ਰਿਸ਼ਤਿਆਂ ਦੀ ਨਗਰੀ ਦਾ                    (25)

ਤਕਨੀਕ ਦੇ ਤੇਜ਼ ਤਰਾਰ ਯੁੱਗ ਵਿੱਚ ਲੋਕਤਾਂਤ੍ਰਿਕ ਕੀਮਤਾਂ/ਪ੍ਰਬੰਧ ਨੇ ਜਿਥੇ ਨਾਰੀ–ਪੁਰਸ਼ ਨੂੰ ਬਰਾਬਰ ਅਧਿਕਾਰ ਪ੍ਰਦਾਨ ਕੀਤੇ ਹਨ ਉਥੇ ਨਾਰੀ ਸ਼ੋਸ਼ਣ ਦੇ ਰੂਪ ਹੋਰ ਵੀ ਸੂਖਮ ਹੋ ਰਹੇ ਹਨ। ਇੱਕੀਵੀਂ ਸਦੀ ਦੇ ਇਸ ਦੌਰ ਨੇ ਭਾਵੇਂ ਨਾਰੀ ਲਈ ਨਵੇਂ ਵਿਕਲਪ ਪ੍ਰਸਤੁਤ ਕੀਤੇ ਹਨ ਪ੍ਰਤੂੰ ਸਮਾਜਿਕ ਪੱਧਰ ਤੇ ਉਹ ਅੱਜ ਵੀ ਜੈਂਡਰ ਪੌਲਿਟਿਕਸ ਦੀ ਹੀ ਸ਼ਿਕਾਰ ਹੈ।

ਸਾਂਸਕ੍ਰਿਤਿਕ ਸੰਰਚਨਾਵਾਂ ਅਤੇ ਪਿਤਰਕੀ ਦੀ ਵਿਹਾਰਕਤਾ ਦੀ ਹਿੰਸਾ ਦੀ ਔਰਤ ਅੱਜ ਵੀ ਸ਼ਿਕਾਰ ਹੈ ਜੋ ਉਸਨੂੰ ਹਮੇਸ਼ਾਂ ਭੈ–ਭੀਤ ਰੱਖਦੀ ਹੈ। ਪੰਜਾਬੀ ਕਵਿਤਾ ਵਿਚ, "ਉਪਰੋਕਤ ਹਿੰਸਾ ਅਤੇ ਪ੍ਰਤੀ ਹਿੰਸਾ ਦਾ ਸਰੂਪ ਇਕ ਸੰਗਠਿਤ ਰੂਪ ਵਿਚ ਸਾਹਮਣੇ ਆਉਂਦਾ ਹੈ। ਪਰੰਤੂ ਇਸਦੇ ਸਮਵਿੱਥ ਦਿਸਦੀ–ਅਦਿਸਦੀ ਹਿੰਸਾ ਦੀਆਂ ਹੋਰ ਵਿਭਿੰਨ ਪਰਤਾਂ ਵੀ ਹਨ। ਮਰਦ ਪ੍ਰਧਾਨ, ਪਿਤਾ ਪੁਰਖੀ ਅਤੇ ਜਾਤੀ–ਜਮਾਤੀ ਸਮਾਜ ਦੀ ਹਿੰਸਾ ਤੋਂ ਪੀੜਿਤ ਔਰਤ ਇਕ ਵੱਡੀ ਧਿਰ ਹੈ। ਇਹ ਪਰਿਵਾਰਕ ਸੰਸਥਾ ਤੋਂ ਲੈ ਕੇ ਸਮਾਜ ਪ੍ਰਬੰਧ ਅੰਦਰ ਮਾਨਸਿਕ, ਆਰਥਿਕ, ਸਮਾਜਿਕ ਲਿੰਗਕ ਅਤੇ ਹੋਰ ਖੇਤਰਾਂ ਵਿਚ ਹਿੰਸਾ ਅਤੇ ਸ਼ੋਸ਼ਣ ਦੀ ਸ਼ਿਕਾਰ ਹੈ।"2

ਪਰਿਵਾਰਕ ਜ਼ੁੰਮੇਵਾਰੀਆਂ ਅਤੇ ਸਮਾਜਿਕ ਪ੍ਰਤਿਮਾਨਾਂ ਵਿਚਕਾਰ ਵਿਚਰਦੀ ਹੋਈ ਇਹ ਨਾਰੀ ਅੱਜ ਵੀ ਦੋਹਰੇ ਸੰਤਾਪ ਨੂੰ ਭੋਗ ਰਹੀ ਹੈ। ਸਮਾਜਿਕ ਅਤੇ ਮਾਨਸਿਕ ਪੱਧਰ 'ਤੇ ਉਹ ਅੱਜ ਵੀ ਅਸੁਰੱਖਿਆ ਦੇ ਦੌਰ ਵਿਚੋਂ ਗੁਜ਼ਰ ਰਹੀ ਹੈ। ਜਸਜੀਤ ਨੇ ਉਪਭੋਗਤਾਵਾਦ ਦੇ ਇਸ ਦੌਰ ਵਿਚ ਸੰਤਾਪ ਭੋਗਦੀ ਇਸ ਨਾਰੀ ਦੀ ਤਰਾਸਦੀ ਨੂੰ ਨਿਵੇਕਲੇ ਅੰਦਾਜ ਵਿੱਚ ਬਿਆਨਿਆ ਹੈ:–

> ਇਕ ਕੰਪਨੀ 'ਚ ਲੱਗੀ ਰਿਸੈਪਸ਼ਨਿਸਟ ਕੁੜੀ
> ਵੱਡੇ ਸਾਹਿਬ ਤੋਂ ਲੈ ਕੇ
> ਗੇਟ ਤੇ ਖੜੇ ਬਹਾਦਰ ਤੱਕ
> ਸਭ ਵੱਖ–ਵੱਖ ਤਰ੍ਹਾਂ
> ਚਿਤਵਦੇ ਨੇ।
> ਉਸ ਕੁੜੀ ਦੇ ਮਿਲਾਪ ਲਈ                    33

ਜਸਜੀਤ ਜ਼ਿੰਦਗੀ ਅੰਦਰ ਪਸਰ ਰਹੀਆਂ ਅਤੇ ਪਸਰੀਆਂ ਬੇਤਰਤੀਬੀਆਂ ਦੀ ਪੁਨਰਸਿਰਜਣਾ ਲਈ ਸੰਘਰਸ਼ ਅੰਤਮ ਰਸਤਾ/ਹਥਿਆਰ ਮੰਨਦਾ ਹੈ। ਮਾਨਵੀਂ ਮੁੱਲਾਂ ਲਈ ਕੀਤਾ ਇਹ ਸੰਘਰਸ਼ ਉਸ ਲਈ ਆਪਣੇ ਵਿਅਕਤੀਤਵ ਦੇ ਅਪੂਰਣ ਤੋਂ ਪੂਰਣ ਹੋਣ ਦੀ ਪ੍ਰਕਿਰਿਆ ਹੈ। ਵਰਤਮਾਨ ਦੌਰ ਅਸੁਰੱਖਿਆ ਦਾ ਦੌਰ ਹੈ। ਇਸ ਦੌਰ ਵਿੱਚ ਕੋਈ ਵੀ ਸਥਿਰ ਅਤੇ ਸਥੂਲ ਨਹੀਂ। ਮਾਨਵੀਂ ਹੋਂਦ ਇਸ ਦੌਰ ਵਿਚ ਨਵੇਂ ਸੰਕਟਾਂ ਦੇ ਰੂ-ਬ-ਰੂ ਹੋਈ ਹੈ। ਦੁਬਿਧਾ ਅਤੇ ਦੋਚਿੱਤੀ ਦੀ ਧਰਾਤਲ 'ਤੇ ਖਲੋਤਾ ਇਹ ਮਾਨਵ ਆਪਣੀਆਂ ਅੰਤਰੀਵੀ ਅਕਾਖਿਆਂਵਾਂ ਦੀ ਅਭਿਵਿਅਕਤੀ ਵੀ ਤਲਾਸ਼ਦਾ ਹੈ ਅਤੇ ਸੁਤੰਲਤ ਅਵਸਥਾ ਵਿਚ ਆਪਣੇ ਸਵੈ ਨੂੰ ਬਾਹਰਲੇ ਪਦਾਰਥਕ ਵਰਤਾਰੇ ਵਿੱਚ ਵਿਸਥਾਰਨਾ ਵੀ ਲੋੜਦਾ/ਚਾਹੁੰਦਾ ਹੈ। ਇਸ ਤਰ੍ਹਾਂ ਦੇ ਵਿਰੋਧਾਭਾਸ ਵਿੱਚ ਜਿਉਂਦਾ ਉਹ ਕਦੇ ਵੀ ਕੋਈ ਸੁੰਤਲਿਤ ਸੁਪਨਾ ਸਿਰਜਣ ਦੇ ਸਮਰਥ ਨਹੀਂ। ਜਸਜੀਤ ਦੀ ਕਵਿਤਾ ਦੇ ਨਾਇਕ ਦੀ ਮਾਨਸਿਕਤਾ ਵਿਚ ਇਹ ਦੁਵਿਧਾ ਡੂੰਘੀ ਤਰ੍ਹਾਂ ਘਰ ਕਰੀ ਬੈਠੀ ਹੈ। ਇੱਕਲਤਾ ਉਸ ਦੀ ਹੋਂਦ ਲਈ ਸਰਾਪ ਬਣਦੀ ਜਾ ਰਹੀ ਹੈ। ਇਹ ਇਕੱਲਤਾ ਉਸ ਲਈ ਬਜ਼ਾਰ ਨੇ ਵੀ ਸਿਰਜੀ ਹੋਈ ਹੈ ਅਤੇ ਉਸ ਦੇ ਵਿਅਕਤੀਵਾਦੀ ਰਵੱਈਏ ਨੇ ਵੀ। ਉਹ ਲਕੀਰ ਤੋਂ ਪਾਰ ਵੀ ਲੰਘਣਾ ਚਾਹੁੰਦਾ ਹੈ ਅਤੇ ਉਸ ਦੀ ਚੇਤਨਾ ਉਸ ਨੂੰ ਹਨ੍ਹੇਰੇ ਤੋਂ ਵੀ ਸੁਚੇਤ ਕਰਦੀ ਹੈ। ਇਹ ਦੁਵਿਧਾ ਉਸ ਦੇ ਅਵਚੇਤਨਾ ਦਾ ਸਦੀਵੀ ਅੰਗ ਬਣ ਗਈ ਹੈ।

ਤੇ ਮੇਰੀ ਨਿਗਾਹ
ਲਕੀਰ ਦੇ ਦੋਹੀਂ ਪਾਸੀਂ ਘੁੰਮਦੀ ਹੈ।
ਮੈਂ ਉਸ ਥਾਂਏਂ ਖੜ੍ਹਾ ਹਾਂ
ਜਿੱਥੋਂ ਮੈਂ
ਕਿਧਰੇ ਨਹੀਂ ਜਾ ਸਕਦਾ
ਨਾ ਅੱਗੇ
ਨਾ ਲਕੀਰ ਦੇ ਇਸ ਪਾਸੇ
ਨਾ ਉਸ ਪਾਸੇ 44

ਬਹੁਲਤਾਵਾਦੀ ਕਲਚਰ ਨੇ ਜਿਸ ਵਕਤੀ ਮਾਪਦੰਡਾਂ ਦੀ ਸਿਰਜਣਾ ਕੀਤੀ ਹੈ ਉਸ ਅੰਦਰ ਪਿਆ ਮਾਨਵ ਵਿਰੋਧੀ ਵਰਤਾਰਾ ਜਸਜੀਤ ਦੀ ਕਵਿਤਾ ਦਾ ਫ਼ਿਕਰ ਬਣਦਾ ਹੈ।ਇਸ ਵਰਤਾਰੇ ਨੇ ਸਮਾਜਿਕ ਸਰੰਚਨਾਵਾਂ/ਸੰਥਾਪਨਾਵਾਂ ਨੂੰ ਵਿਖੰਡਿਤ ਕਰ ਦਿੱਤਾ ਹੈ। ਉਪਭੋਗਤਾ ਦਾ ਸਿਰਜਿਆ ਹੋਇਆ ਇਹ ਵਿਖਡੰਤ ਮਾਨਵ ਜਿਸ ਵਿਸਥਾਰ ਅਤੇ ਵਿਕਾਸ ਦੀ ਗੱਲ ਕਰ ਰਿਹਾ ਹੈ, ਜਸਜੀਤ ਉਸ ਨੂੰ ਮਹਿਜ਼ ਭਰਮ ਕਹਿਕੇ ਰੱਦ ਕਰਦਾ ਹੈ:-

ਤੇ ਇਸ ਭਰਮ ਬੁਨਿਆਦ ਤੇ
ਉਸਾਰ ਸਕਦੇ ਹੋ
ਮਹਿਲ ..........
ਆਪਣੇ ਪਰਿਵਾਰ
ਆਪਣੇ ਸਮਾਜ ਦੇ 47

ਸੰਵੇਦਨਸ਼ੀਲ ਵਿਅਕਤੀ ਲਈ ਇਸ ਵਿਵਸਥਾ ਅੰਦਰ ਕੋਈ ਥਾਂ ਨਹੀਂ। ਜਸਜੀਤ ਦੀ ਕਵਿਤਾ ਅੰਦਰ ਸੁਹਜ ਹੈ। ਉਹ ਆਪਣੇ ਭਾਵਾਂ ਦੇ ਪ੍ਰਗਟਾਵੇ ਲਈ ਸੰਬੋਧਨੀ, ਅਤੇ ਵਿਅੰਗ ਵਿਧੀ ਨੂੰ ਅਪਣਾਉਂਦਾ ਹੈ। ਪ੍ਰਕਿਰਤੀ ਵਿਚੋਂ ਲਏ ਉਸ ਦੇ ਬਿੰਬ ਤੇ ਪ੍ਰਤੀਕ ਉਸ ਦੀ ਕਵਿਤਾ ਦੀ ਕਾਵਿ ਵਿਲੱਖਣਤਾ ਬਣਦੇ ਹਨ।

ਉਹ ਆਪਣੀ ਕਵਿਤਾ ਵਿਚ ਹੋਰ ਕਵੀਆਂ ਵਾਂਗ ਆਪਣੇ ਨਿੱਜੀ ਪਿਆਰ ਦੇ ਸੁਰਾਂ ਨੂੰ ਪ੍ਰਥਮਿਕਤਾ ਦੇਣ ਦੀ ਬਜਾਏ ਮਾਨਵੀ ਜੀਵਨ ਦੀ ਸਮੁੱਚਤਾ ਅਤੇ ਸੁਹਜ ਨਾਲ ਜੁੜੇ ਮਸਲਿਆਂ ਨੂੰ ਅਗਰ ਭੂਮੀ ਵਿਚ ਰੱਖਦਾ ਹੈ। ਉਸ ਦੀ ਕਵਿਤਾ ਵਿਚ ਪੇਸ਼ ਹੋ ਰਹੇ ਇਤਿਹਾਸਕ ਵੇਰਵੇ/ਮੋਟਿਫ਼ ਨਵੇਂ ਸੰਦਰਭਾ ਅਨੁਸਾਰ ਨਵੀਂ ਚਰਚਾ ਛੇੜਣ ਦੇ ਸਮਰੱਥ ਹਨ। ਮਾਨਵੀ ਕਦਰਾਂ-ਕੀਮਤਾਂ ਅਤੇ ਆਦਰਸ਼ਾਂ ਦੇ ਵਿਘਟਨ ਦਾ ਸੰਸਾ/ਫ਼ਿਕਰ ਉਸ ਨੂੰ ਮਾਨਵਵਾਦੀ ਦ੍ਰਿਸ਼ਟੀ ਦੇ ਧਾਰਨੀ ਵਜੋਂ ਪੇਸ਼ ਕਰਦਾ ਹੈ। ਵਰਤਮਾਨ ਦੌਰ ਵਿੱਚ ਪ੍ਰਗਤੀਸ਼ੀਲ ਤਾਕਤਾਂ ਦੀ ਭੂਮਿਕਾ ਤੇ ਉਸ ਨੂੰ ਸ਼ੱਕ ਵੀ ਹੈ ਅਤੇ ਗਿਲਾ ਵੀ ਹੈ। ਪੰਜਾਬੀ ਕਾਵਿ-ਖੇਤਰ ਵਿਚ ਜਸਜੀਤ ਦੀ ਇਹ ਹਾਜ਼ਰੀ ਨਿਰਸੰਦੇਹ ਉਸਦੇ ਸੁਨਹਿਰੀ ਭਵਿੱਖ ਦੀਆਂ ਸੰਭਾਵਨਾਵਾਂ ਦੀ ਪ੍ਰਤੀਕ ਹੈ।

**ਹਵਾਲੇ**


1. ਡਾ. ਯੋਗਰਾਜ, ਪੰਜਾਬੀ ਕਵਿਤਾ ਉਤਰ ਪੰਜਾਬ ਸੰਕਟ, ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪੰਨਾ 43
2. ਡਾ. ਸਰਬਜੀਤ ਸਿੰਘ, ਪਾਠ ਤੇ ਪਰਿਪੇਖ, ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪੰਨਾ 19
3. ਜਸਜੀਤ ਭੱਟੀ, ਸਾਗਰ ਧਰਤੀ ਹਵਾ ਤੇ ਮੈਂ